# ਕੀ ਤੁਹਾਨੂੰ ਆਪਣੇ ਪਰਿਵਾਰ ਵਾਸਤੇ, ਜਾਣਕਾਰੀ ਅਤੇ ਸਲਾਹ ਦੀ ਲੋੜ ਹੈ?

## Looking for information and advice for your family?

“ਵਾਰਿਕਸ਼ਾਇਰ ਫ਼ੈਮਿਲੀ ਇਨਫ਼ਰਮੇਸ਼ਨ ਸਰਵਿਸ” ਤੁਹਾਡੇ ਕਈ ਸਵਾਲਾਂ ਦੇ ਜਵਾਬ ਦੇ ਸਕਦੀ ਹੈ ਅਤੇ ਤੁਹਾਡੇ ਲਈ ਲੋੜੀਂਦੀ ਅਤੇ ਢੁੱਕਵੀਂ ਜਾਣਕਾਰੀ, ਮਦਦ ਅਤੇ ਸਹਾਰਾ ਲੱਭਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ।

ਅਸੀਂ ਹੇਠ ਲਿਖੀਆਂ ਗੱਲਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ :

- ਲੋਕਲ ਇਲਾਕੇ ਵਿਚ ਮਿਲਣ ਵਾਲੀ, ਬੱਚਿਆਂ ਦੀ ਦੇਖਭਾਲ ਜਿਸ ਵਿਚ ਸ਼ਾਮਲ ਹੈ : ਬੱਚਿਆਂ ਦੀ ਦੇਖਭਾਲ ਦੇ ਪ੍ਰਬੰਧ ਦੀ ਚੋਣ ਕਰਨ ਅਤੇ ਖ਼ਰਚਿਆਂ ਬਾਰੇ ਸਲਾਹ।
- ਜਿੱਥੇ ਵੀ ਪ੍ਰਾਪਤ ਹੋਵੇ, 3 ਅਤੇ 4 ਸਾਲ ਦੇ ਬੱਚਿਆਂ ਲਈ ਮੁੱਢਲੀ ਪੜ੍ਹਾਈ ਦਾ ਮੁਫ਼ਤ ਪ੍ਰਬੰਧ।
- ਨਿਰਯੋਗਤਾ (ਡਿਸਏਬਿਲਟੀ), ਬੀਮਾਰੀ ਅਤੇ ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਲੋਕਾਂ ਲਈ ਮਦਦ ਅਤੇ ਸਹਾਰਾ
- ਲੋਕਲ ਸਕੂਲਾਂ ਦੇ ਦਾਖ਼ਲਿਆਂ ਲਈ ਅਰਜ਼ੀ ਦੇਣਾ
- ਨੌਜਵਾਨਾਂ ਲਈ ਬਣਾਏ ਯੂਥ ਗਰੁੱਪ, ਸੇਵਾਵਾਂ ਅਤੇ ਉਹਨਾਂ ਵਾਸਤੇ ਕਰਨ ਲਈ ਕਈ ਤਰ੍ਹਾਂ ਦੇ ਕਾਰਜ
- ਲੋਕਲ ਇਲਾਕੇ ਵਿਚ ਮਿਲਣ ਵਾਲੀਆਂ ਸੇਵਾਵਾਂ ਕਿਵੇਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਹੋਰ ਵਧੇਰੇ ਮਦਦ ਕਿਵੇਂ ਮਿਲ ਸਕਦੀ ਹੈ

ਇਹਨਾਂ ਸੇਵਾਵਾਂ ਤੋਂ ਇਲਾਵਾ, ਤੁਸੀਂ ਸਾਡੇ ਕੋਲੋਂ ਜਾਣਕਾਰੀ ਦੀ ਮੰਗ ਹੋਰ ਰੂਪਾਂ ਵਿਚ ਵੀ ਕਰ ਸਕਦੇ ਹੋ (ਜਿਵੇਂ ਕਿ ਹੋਰ ਬੋਲੀਆਂ ਜਾਂ ਵੱਡੇ ਅੱਖਰਾਂ ਵਿਚ)। ਸਾਡੇ ਕਿਸੇ ਸਲਾਹਕਾਰ ਨਾਲ ਅਪੁਆਇੰਟਮੈਂਟ ਵੀ ਬਣਾ ਸਕਦੇ ਹੋ ਜੋ ਤੁਹਾਡੇ ਇਲਾਕੇ ਵਿਚ ਆਕੇ ਤੁਹਾਡੇ ਨਾਲ ਗੱਲਬਾਤ ਕਰ ਸਕੇ। ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਸਾਡੀ ਹੈਲਪਲਾਈਨ ਦਾ ਫ਼ੋਨ ਨੰਬਰ : 0845 090 8044
ਸਾਡਾ ਈਮੇਲ ਪਤਾ : fis@warwickshire.gov.uk
ਸਾਡੀ ਇੰਟਰਨੈੱਟ ਵੈੱਬਸਾਈਟ : www.warwickshire.gov.uk/fis

## ਵਾਰਿਕਸ਼ਾਇਰ ਵਿਚ ਬੱਚਿਆਂ ਦੀ ਦੇਖਭਾਲ ਅਤੇ ਪੜ੍ਹਾਈ ਬਾਰੇ ਕੁਝ ਲਾਭਦਾਇਕ ਗੱਲਾਂ

- ਡੇਅ ਨਰਸਰੀ ਵਿਚ, ਨਿੱਕੇ ਨਿੱਕੇ ਬੱਚਿਆਂ ਅਤੇ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਸਾਰੇ ਦਿਨ ਦੀ ਦੇਖਭਾਲ ਦਾ ਪ੍ਰਬੰਧ ਕੀਤਾ ਜਾਂਦਾ ਹੈ।
- 3 ਤੋਂ 5 ਸਾਲ ਤੱਕ ਦੇ ਬੱਚਿਆਂ ਦੀ ਪੜ੍ਹਾਈ ਅਤੇ ਦੇਖਭਾਲ ਦਾ ਪਾਰਟ–ਟਾਈਮ ਪ੍ਰਬੰਧ, ਕਿਸੇ ਪਰੀ–ਸਕੂਲ/ਨਰਸਰੀ ਸਕੂਲ ਵਿਚ ਕੀਤਾ ਜਾਂਦਾ ਹੈ।
- ਆਪਣੇ ਬੱਚੇ ਦੇ ਤੀਜੇ ਜਨਮ ਦਿਨ ਤੋਂ ਬਾਅਦ, ਉਸਦੀ ਮੁੱਢਲੀ ਪੜ੍ਹਾਈ ਦਾ ਮੁਫ਼ਤ ਇੰਤਜ਼ਾਮ ਤੁਸੀਂ ਉੱਨੇ ਚਿਰ ਲਈ ਹਾਸਲ ਕਰ ਸਕਦੇ ਹੋ ਜਿੰਨਾਂ ਚਿਰ ਉਹ ਸਕੂਲ ਜਾਣਾ ਸ਼ੁਰੂ ਨਹੀਂ ਕਰਦਾ।
- ਬੱਚੇ, ਲੋਕਲ ਅਥੌਰਿਟੀ ਦੇ ਕਿਸੇ ਪ੍ਰਾਇਮਰੀ ਸਕੂਲ ਵਿਚ, ਉਸ ਸਾਲ ਦੇ ਸਤੰਬਰ ਮਹੀਨੇ ਵਿਚ ਜਾਣਾ ਸ਼ੁਰੂ ਕਰਦੇ ਹਨ ਜਿਸ ਵਿਚ ਉਹ 5–6 ਸਾਲ ਦੇ ਹੋ ਜਾਂਦੇ ਹਨ।
- ਬੱਚੇ, ਸੈਕੰਡਰੀ ਸਕੂਲ ਵਿਚ, ਉਸ ਸਾਲ ਦੇ ਸਤੰਬਰ ਮਹੀਨੇ ਵਿਚ ਜਾਣਾ ਸ਼ੁਰੂ ਕਰਦੇ ਹਨ ਜਿਸ ਵਿਚ ਉਹ 11–12 ਸਾਲ ਦੇ ਹੋ ਜਾਂਦੇ ਹਨ।
- ਜੇ ਅਗਲੇ ਸਾਲ ਸਤੰਬਰ ਵਿਚ ਤੁਹਾਡੇ ਬੱਚੇ ਨੇ ਸੈਕੰਡਰੀ ਸਕੂਲ ਜਾਣਾ ਸ਼ੁਰੂ ਕਰਨਾ ਹੈ ਤਾਂ ਤੁਹਾਨੂੰ ਇਸ ਸਾਲ ਅਕਤੂਬਰ ਮਹੀਨੇ ਤੱਕ, ਬੱਚੇ ਦੇ ਪ੍ਰਾਇਮਰੀ ਸਕੂਲ ਵਿਚ ਇਸ ਬਾਰੇ ਅਰਜ਼ੀ ਦੇਣੀ ਪਵੇਗੀ।